**ਦਫ਼ਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।**

ਵੱਲ

ਸਮੂਹ ਐ.ਸਿ./ਹਾਈ/ਸੈ.ਸਿ. ਸਕੂਲ ਮੁਖੀ (ਵੈੱਬ ਸਾਈਟ ਰਾਹੀਂ)
ਪੰਜਾਬ।

ਮੀਮੋ ਨੰ: 2010/**ਐਸ.ਐਸ.ਏ./ਏ.ਐਸ.ਪੀ.ਡੀ./ਅੰਗ੍ਰੇਜ਼ੀ**/ 064210
ਮਿਤੀ ਚੰਡੀਗੜ੍ਹ 12-10-2010

**ਵਿਸ਼ਾਂ: ਅੰਗ੍ਰੇਜ਼ੀ ਪ੍ਰੋਜੈਕਟ ਸਬੰਧੀ ਵਿਸ਼ੇਸ਼ ਹਦਾਇਤਾ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ ਵਿਚ ਐਸ.ਐਸ.ਟੀ/ ਇੰਗਲਿਸ਼ (ਪੜਾਉਣ ਲਈ ਭੇਜੀ ਗਈ ਸਮੱਗਰੀ) ਜਿੰਨ੍ਹਾਂ ਵਿੱਚ ਦੋਹਾ ਵਿਸ਼ਿਆਂ ਦੇ ਟੀਚਰ ਮੈਨੁਅਲ, ਫਲੈਸ ਕਾਰਡ, ਅੰਗ੍ਰੇਜ਼ੀ ਦੇ ਵਰਡ ਪਿਟਾਰਾ ਕਾਰਡ, ਗਰਾਮਰ ਕਾਰਡ, Consonant and Vowel ਕਾਰਡਜ਼ ਨੂੰ ਸਕੂਲ ਵਿਚ ਸਰਵ-ਸਿੱਖਿਆ ਅਭਿਆਨ ਦੇ ਸਟਾਕ ਰਜਿਸਟਰ ਉਪਰ ਦਰਜ ਕੀਤਾ ਜਾਵੇ ਅਤੇ ਦਰਜ ਕਰਨ ਉਪਰੰਤ ਇਹਨਾਂ ਨੂੰ ਜਮਾਤ ਦੇ ਸਬੰਧਤ ਵਿਸ਼ਾ ਅਧਿਆਪਕ ਨੂੰ ਲਿਖਤੀ ਤੌਰ ਤੇ ਸੌਂਪਿਆ ਜਾਵੇ ।

2.0 ਵਿਸ਼ਾ ਅਧਿਆਪਕ ਐਸ.ਐਸ ਅਤੇ ਇੰਗਲਿਸ਼ ਦੀ ਕਿੱਟ ਨੂੰ ਪੜ੍ਹਾਉਣ ਸਮੇ ਜਮਾਤ ਵਿਚ ਲੈਕੇ ਜਾਵੇਗਾ ਅਤੇ ਇਸਦੀ ਵਰਤੋ ਮੈਨੁਅਲ ਅਨੁਸਾਰ ਕਰੇਗਾ । ਅਧਿਆਪਕ ਇਸ ਕਿੱਟ ਦੀ ਵਰਤੋ ਕਰਦਾ ਹੋਇਆ ਵਿਦਿਆਰਥੀਆਂ ਨਾਲ ਆਪਣੇ ਨਿੱਜੀ ਤਜਰਬੇ ਅਤੇ ਕਿਸੇ ਵੱਡਮੁੱਲੀ ਤਕਨੀਕ ਦੀ (ਜੋ ਉਸ ਕੋਲ ਤਜਰਬੇ ਅਨੁਸਾਰ ਹੈ) ਵਰਤੋ ਕਰ ਸਕਦਾ ਹੈ ਪਰ ਸਕੂਲ ਮੁੱਖੀ ਇਸ ਨੂੰ ਯਕੀਨੀ ਬਣਾਵੇਗਾ ਕਿ ਵਿਦਿਆਰਥੀ ਨੂੰ ਪਾਠਕ੍ਰਮ ਕਰਾਉਦੇ ਸਮੇ ਅਧਿਆਪਕ **"Quality Improvement In English Language And Development"** ਪ੍ਰੋਜੈਕਟ ਨੂੰ ਅਤੇ ਸਿਖਲਾਈ ਕੋਰਸ ਵਿਚ ਸਿਖਾਈ ਗਈ ਤਕਨੀਕ ਨੂੰ ਕਦੇ ਵੀ ਅੱਖੋ ਪਰੋਖੇ ਨਹੀ ਕਰੇਗਾ

3.0 ਅਧਿਆਪਕ ਮੈਨੁਅਲ ਵਿਚ ਦੱਸੇ ਗਏ ਸਮੇ ਮੁਤਾਬਕ ਪੀਰੀਅਡ ਦੀ ਵਰਤੋ ਕਰਦਾ ਹੋਇਆ ਪਾਠਕ੍ਰਮ ਨੂੰ ਪੜਾਵੇਗਾ ਅਤੇ ਨਿਸ਼ਚਿਤ ਸਮੇ ਦੇ ਅੰਦਰ ਪਾਠਕ੍ਰਮ ਨੂੰ ਖਤਮ ਕਰੇਗਾ ।

4.0 ਪਿਕਸਨਰੀ (ਸੁਚਿਤੱਰ ਸ਼ਬਦ ਕੌਸ਼) ਨੂੰ ਲਾਇਬ੍ਰੇਰੀ ਦੀਆ ਕਿਤਾਬਾਂ ਵਿੱਚ ਸ਼ਾਮਿਲ ਨਹੀ ਕੀਤਾ ਜਾਵੇਗਾ। ਸਰਵ-ਸਿੱਖਿਆ ਅਭਿਆਨ ਦੇ ਰਜਿਸ਼ਟਰ ਵਿਚ ਦਰਜ ਕਰਕੇ ਐਸ.ਐਸ ਮਾਸਟਰ ਨੂੰ ਜਾਂ

ਇੰਗਲਿਸ ਅਧਿਆਪਕ ਨੂੰ ਲਿਖਤੀ ਤੌਰ ਤੇ ਸੌਂਪਿਆ ਜਾਵੇਗਾ ਤਾਂ ਜੋ ਮੈਨੂਅਲ ਵਿਚ ਦਿੱਤੀ ਸਮਾਂ ਸਾਰਣੀ ਅਨੁਸਾਰ ਇਸ ਦੀ ਵਰਤੋ ਕੀਤੀ ਜਾ ਸਕੇ।

5.0 ਸਰਵ-ਸਿੱਖਿਆ ਅਭਿਆਨ ਵੱਲੋ ਜਾਰੀ ਕੀਤੀ ਗਈ ਵਿਜ਼ਟਰ ਬੁੱਕ (ਯਾਤਰੀ ਕਿਤਾਬਚਾ) ਹਰੇਕ ਸਕੂਲ ਵਿਚ ਲੱਗੀ ਹੋਵੇ ਅਤੇ ਮੁਖੀ ਦੇ ਮੇਜ਼ ਤੇ ਰੱਖੀ ਹੋਵੇ ।

6.0 ਹਰੇਕ ਸਕੂਲ ਦਾ ਮੁੱਖੀ ਕਿਸੇ ਵੀ ਸੈਮੀਨਾਰ ਜਾਂ ਵਰਕਸ਼ਾਪ ਵਾਸਤੇ ਅਧਿਆਪਕਾਂ ਨੂੰ ਇੱਕ ਨਿਸ਼ਚਿਤ ਸਮੇ ਲਈ ਫਾਰਗ ਕਰੇਗਾ ਤਾਂ ਉਹ ਆਡਰ ਬੁੱਕ ਵਿਚ ਇਹ ਯਕੀਨੀ ਤੌਰ ਤੇ ਲਿਖੇਗਾ ਕਿ ਅਧਿਆਪਕ ਸੈਮੀਨਾਰ ਜਾਂ ਵਰਕਸਾਪ ਅਟੈਂਡ ਕਰਨ ਉਪਰੰਤ ਉਸ ਦੀ ਸਮੁੱਚੀ ਨਵੀ ਜਾਣਕਾਰੀ ਅਤੇ ਨਵੀ ਤਕਨੀਕ ਬਾਰੇ ਮੁੱਖੀ ਨੂੰ ਲਿਖਤੀ ਤੌਰ ਤੇ ਜਾਣਕਾਰੀ ਦੇਵੇਗਾ।

7.0 ਸਕੂਲ ਮੁੱਖੀ ਐਸ.ਐਸ.ਟੀ ਅਤੇ ਅੰਗਰੇਜੀ ਦੀਆ ਕਾਪੀਆ, ਵਰਕ ਬੁੱਕ, ਜਮਾਤਾਂ ਵਿਚ ਪੜ੍ਹਾਇਆ ਜਾਣ ਵਾਲੇ ਪਾਠਕ੍ਰਮ ਵਿਸ਼ੇ ਨੂੰ ਸੌਖਾ ਅਤੇ ਸਰਲ ਬਣਾਉਣ ਲਈ ਭੇਜੇ ਗਏ ਕਾਰਡ (ਸਮਾਂ ਮਿਲਣ ਤੇ) ਚੈੱਕ ਕਰੇਗਾ ਕਿ ਕੀ ਇਹਨਾਂ ਦੀ ਵਰਤੋ ਸਹੀ ਹੋ ਰਹੀ ਹੈ। ਸਕੂਲ ਮੁੱਖੀ ਹੋਣ ਦੇ ਨਾਤੇ ਉਸਦੀ ਇਹ ਨਿੱਜੀ ਜਿੰਮੇਵਾਰੀ ਹੈ ਕਿ ਉਹ ਵਿਦਿਆਰਥੀਆ ਤੋ ਇਹਨਾ ਬਾਰੇ ਉਚਿੱਤ ਪੁੱਛ ਪੜਤਾਲ ਕਰੇ।

8.0 ਅਧਿਆਪਕ ਦੀ ਰੋਜਾਨਾ ਡਾਇਰੀ ਉਸਨੂੰ ਮਿਲੇ ਵਿਸ਼ਾ ਮੈਨੂਅਲ ਅਨੁਸਾਰ ਹੈ ਇਸ ਦੀ ਸਹੀ ਜਾਂਚ ਪੜਤਾਲ ਕਰਨ ਸਮੇ ਮੁੱਖੀ ਜਦੋ ਚਾਹੇ ਉਹ ਵਿਦਿਆਰਥੀ ਡਾਇਰੀ ਨੂੰ ਵੀ ਨਾਲ ਮਿਲਾ ਸਕਦਾ ਹੈ ।

9.0 ਮੁੱਖ ਦਫ਼ਤਰ ਵਲੋਂ ਨਿਯੁਕਤ ਕੀਤੇ ਹਰ ਵਿਸ਼ੇ ਦੇ ਮਾਸਟਰ ਟਰੇਨਰ ਅਤੇ ਜਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਉਸ ਵੱਲੋ ਮੰਗ ਕੀਤਾ ਗਿਆ ਰਿਕਾਰਡ ਉਸ ਨੂੰ ਤਰੰਤ ਮੁਹੱਈਆ ਕਰਵਾਇਆ ਜਾਵੇ।

10.0 ਵਿਦਿਆਰਥੀਆਂ ਦੇ ਮਹੀਨਾਵਾਰ ਟੈਸਟ (ਐਸ.ਐਸ.ਟੀ/ਇੰਗਲਿਸ) ਤਿਮਾਹੀ, ਛਿਮਾਹੀ ਅਤੇ ਸਲਾਨਾ ਪੇਪਰ ਉਚਿਤ ਢੰਗ ਦੇ ਨਾਲ ਸੰਭਾਲੇ ਜਾਣ ਕਿਉਕਿ ਸਕੂਲ ਵਿਚ ਈ.ਐਮ.ਟੀ/ਜਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਜਾਂ ਪ੍ਰੋਜੈਕਟ ਨਾਲ ਸਬੰਧਤ ਅਧਿਕਾਰੀ ਸਕੂਲ ਵਿਚ ਆਉਣ ਸਮੇ ਇਹਨਾਂ ਦੀ ਮੰਗ ਕਰ ਸਕਦੇ ਹਨ ਅਤੇ ਨਿਰੀਖਣ ਕਰ ਸਕਦੇ ਹਨ।

11.0 ਵਿਦਿਆਰਥੀ ਅਤੇ ਅਧਿਆਪਕ ਦੀ ਸੁੰਦਰ ਲਿਖਾਈ, ਜਮਾਤ ਅਨੁਸਾਸ਼ਨ, ਵਿਸ਼ਾ ਰੋਚਕਿਤਾ, ਵਿਸ਼ਾ ਸਹਾਇਕ ਸਮੱਗਰੀ ਦੀ ਸਮੇ-ਸਮੇ ਤੇ ਜਾਂਚ ਕੀਤੀ ਜਾਵੇ ।

12.0 ਐਸ.ਐਸ.ਟੀ ਦਾ ਵਿਸ਼ਾ ਪੜਾਉਣ ਸਮੇ ਕੰਧ ਨਕਸ਼ਿਆ ਦੀ ਵਰਤੋ ਜਰੂਰ ਕੀਤੀ ਜਾਵੇ।

13.0 ਇੰਗਲਿਸ ਅਤੇ ਐਸ.ਐਸ.ਟੀ ਵਿਸ਼ੇ ਲਈ ਸਕਰੈਪ ਬੁੱਕ ਤਿਆਰ ਕਰਵਾਈ ਜਾਵੇ।

14.0 ਰੀਡਿੰਗ, ਰਾਈਟਿੰਗ, ਲੀਸਨਿੰਗ ਅਤੇ ਚੈਟਿੰਗ (ਪੜਨ, ਲਿਖਣ, ਸੁਣਨ ਅਤੇ ਦੁਹਰਾਉਣ) ਦੀ ਵਿਧੀ ਵੱਲ ਵਿਸ਼ਾ ਅਧਿਆਪਕ ਵਿਸ਼ੇਸ਼ ਧਿਆਨ ਦੇਵੇ ਅਤੇ ਇਸ ਨੂੰ ਸਕੂਲ ਮੁਖੀ ਵਲੋਂ ਯਕੀਨੀ ਬਣਾਇਆ ਜਾਵੇ।

15.0 ਅਧਿਆਪਕ ਬੱਚਿਆ ਦੀ ਜਮਾਤ ਵਿਚ ਗਰੁੱਪ ਬੰਦੀ ਕਰੇ ਤਾਂ ਕਿ ਹਰੇਕ ਵਿਦਿਆਰਥੀ ਦੇ ਵਿੱਦਿਅਕ ਪੱਧਰ ਅਨੁਸਾਰ ਉਸਦਾ ਵਿਕਾਸ ਹੋ ਸਕੇ ਅਤੇ ਜਮਾਤ ਦੀ ਸਮੁੱਚੀ ਵਿਕਾਸ ਦਰ ਵਿੱਚ ਵਾਧਾ ਹੋਵੇ ।

16.0 ਸਮੇਂ ਦੀ ਘਾਟ ਕਾਰਨ ਇਹ ਅਤੀ ਜਰੂਰੀ ਹੈ ਕਿ ਲਿਖਤੀ ਟੈਸਟਾਂ ਦੇ ਨਾਲ ਅਧਿਆਪਕ ਜੁਬਾਨੀ ਟੈਸਟ ਜਰੂਰ ਲਵੇ ਤਾਂ ਜੋ ਸਮੁੱਚੀ ਜਮਾਤ ਆਪਣਾ ਵਿਦਿਅਕ ਪੱਧਰ ਅਧਿਆਪਕ ਨੂੰ ਦਰਸਾ ਸਕੇ ।

17.0 ਸਕੂਲ ਮੁੱਖੀ ਮਹੀਨੇ ਵਿੱਚ ਦੋ ਵਾਰ ਵਿਸ਼ਾ ਅਧਿਆਪਕਾਂ ਦੀ ਮੀਟਿੰਗ ਕਰੇ। ਉਹਨਾ ਨੂੰ ਹੋਰ ਵੱਧ ਕਾਰਜ ਕਰਨ ਲਈ ਉਤਸਾਹਿਤ ਕਰੇ ਅਤੇ ਜਮਾਤ ਦੀ ਵਿਕਾਸ ਦਰ ਵਿੱਚ ਹੋਏ ਵਾਧੇ ਦੀ ਜਾਣਕਾਰੀ ਲਿਖਤੀ ਤੌਰ ਤੇ ਲਵੇ।

ਇਹਨਾ ਹੁਕਮਾਂ ਦੀ ਪਾਲਣਾਂ ਇਨ ਬਿੰਨ ਯਕੀਨੀ ਬਣਾਈ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

**ਪਿਠ ਅੰਕਣ ਨੰ:** 2010/ਐਸ.ਐਸ.ਏ./ਏ.ਐਸ.ਪੀ.ਡੀ./ਅੰਗ੍ਰੇਜ਼ੀ/064210 **ਮਿਤੀ** 12-10-2010

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜਿਲ੍ਹਾ ਅੰਗ੍ਰੇਜ਼ੀ ਪ੍ਰੋਜੈਕਟ ਕੋਆਰਡੀਨੇਟਰ ਅਤੇ ਸਮੂਹ ਅੰਗ੍ਰੇਜ਼ੀ ਮਾਸਟਰ ਟ੍ਰੇਨਰਜ਼।
3. ਡੀ.ਐਮ.(ਐਮ.ਆਈ.ਐਸ.) ਐਸ.ਐਸ.ਏ. ਪੰਜਾਬ ਨੂੰ ਵੈਬਸਾਈਟ ਤੇ ਪਾਉਣ ਲਈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।